BRITISH COLUMBIA HealthLinkBC

Punjabi - Number 50b
Child Immunization Series – January 2016

# ਤੁਹਾਡੇ ਬੱਚੇ ਦਾ ਟੀਕਾਕਰਣ ਕਰਵਾਉਣ ਦੇ ਲਾਭ

## The Benefits of Immunizing Your Child

**ਆਪਣੇ ਬੱਚੇ ਦੀ ਰੱਖਿਆ ਕਰੋ। ਉਨ੍ਹਾਂ ਦੀਆਂ ਸਾਰੀਆਂ ਵੈਕਸੀਨਾਂ ਸਮੇਂ ਸਿਰ ਦਿਵਾਓ। ਵੈਕਸੀਨਾਂ ਮੁਫਤ ਹਨ। ਅਪੌਇੰਟਮੈਂਟ ਬਣਾਉਣ ਵਾਸਤੇ ਆਪਣੇ ਸਥਾਨਕ ਪਬਲਿਕ ਹੈਲਥ ਯੂਨਿਟ ਜਾਂ ਸਿਹਤ ਸੰਭਾਲ ਪ੍ਰਦਾਤਾ ਨੂੰ ਫੋਨ ਕਰੋ।**

**ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ।
ਸਾਰੇ ਵੈਕਸੀਨ ਸਮੇਂ ਸਿਰ ਦਿਵਾਓ।**

ਸਮੇਂ ਸਿਰ ਵੈਕਸੀਨੇਸ਼ਨ ਕਰਵਾ ਕੇ ਤੁਹਾਡੇ ਬੱਚੇ ਦਾ ਜ਼ਿੰਦਗੀ-ਭਰ ਲਈ ਕਈ ਬਿਮਾਰੀਆਂ ਤੋਂ ਬਚਾਅ ਹੋ ਜਾਂਦਾ ਹੈ।

ਟੀਕਾਕਰਣ ਨੇ ਪਿਛਲੇ 50 ਸਾਲਾਂ ਦੌਰਾਨ ਕੈਨੇਡਾ ਵਿੱਚ ਸਿਹਤ ਸੰਬੰਧੀ ਕਿਸੇ ਵੀ ਜਤਨ ਨਾਲੋਂ ਜਿਆਦਾ ਜਾਨਾਂ ਬਚਾਈਆਂ ਹਨ।

### ਜੇਨੈਟ ਅਤੇ ਨੇਥਨ ਦੀ ਕਹਾਣੀ

ਜੇਨੈਟ ਨੇ ਸੋਚਿਆ ਕਿ 2½ ਸਾਲ ਦਾ ਨੇਥਨ ਕਾਰ ਦੀ ਸਵਾਰੀ ਦੇ ਦੌਰਾਨ ਬਹੁਤ ਜਿਆਦਾ ਚੁਪ ਸੀ, ਇਸ ਕਰਕੇ ਉਸ ਨੇ ਉਸ ਨੂੰ ਚੈੱਕ ਕਰਨ ਲਈ ਪਿਛੇ ਦੇਖਣ ਵਾਲੇ ਸ਼ੀਸ਼ੇ ਵਿੱਚ ਦੇਖਿਆ। ਨੇਥਨ ਦੀਆਂ ਅੱਖਾਂ ਪਿਛੇ ਸਿਰ ਵਲ ਮੁੜੀਆਂ ਹੋਈਆਂ ਸਨ, ਉਸ ਦੇ ਸਰੀਰ ਦਾ ਪੂਰਾ ਖੱਬਾ ਪਾਸਾ ਢਿੱਲਾ ਸੀ ਅਤੇ ਉਸ ਦੇ ਮੂੰਹ ਵਿੱਚੋਂ ਰਾਲਾਂ ਨਿਕਲ ਰਹੀਆਂ ਸਨ। ਜੈਨੇਟ ਨੇਥਨ ਨੂੰ ਤੁਰੰਤ ਹਸਪਾਤਲ ਲੈ ਗਈ। ਡਾਕਟਰਾਂ ਨੇ ਦਸਿਆ ਕਿ ਨੇਥਨ ਨੂੰ ਸਟ੍ਰੋਕ ਹੋਇਆ ਸੀ, ਮੁਮਕਿਨ ਹੈ 6 ਮਹੀਨੇ ਪਹਿਲਾਂ ਹੋਏ ਚਿਕਨਪੌਕਸ ਕਰਕੇ। ਨੇਥਨ ਨੂੰ ਚਿਕਨਪੌਕਸ ਦੀ ਵੈਕਸੀਨ ਨਹੀਂ ਦਿੱਤੀ ਗਈ ਸੀ।

ਚਿਕਨਪੌਕਸ ਹੋਣ ਤੋਂ ਬਾਅਦ ਇੱਕ ਸਾਲ ਦੇ ਅੰਦਰ ਸਟ੍ਰੋਕ ਹੋਣ ਦਾ ਸੰਜੋਗ ਬਹੁਤ ਘੱਟ ਹੈ, ਪਰ ਅਜਿਹਾ ਹੋ ਸਕਦਾ ਹੈ। ਸਟ੍ਰੋਕ ਦਾ ਨਤੀਜਾ ਦਿਮਾਗੀ ਸੱਟ ਹੈ ਅਤੇ ਇਹ ਜਾਨਲੇਵਾ ਹੋ ਸਕਦਾ ਹੈ। ਉਸਦੇ ਦੇ ਸਟ੍ਰੋਕ ਕਰਕੇ, ਨੇਥਨ ਨੂੰ ਸਿੱਖਣ ਵਿੱਚ ਸਮੱਸਿਆਵਾਂ ਹਨ ਅਤੇ ਉਸ ਨੂੰ ਖੱਬੇ ਪਾਸੇ ਆਪਣੇ ਸਰੀਰ ਨੂੰ ਹਿਲਾਉਣ ਵਿੱਚ ਜੀਵਨਭਰ ਲਈ ਸਮੱਸਿਆਵਾਂ ਹੋਣਗੀਆਂ।

ਨੇਥਨ ਦੀ ਸੱਟ ਨੂੰ ਰੋਕਿਆ ਜਾ ਸਕਦਾ ਸੀ ਜੇ ਉਸ ਨੂੰ ਚਿਕਨਪੌਕਸ ਵੈਕਸੀਨ ਦਿੱਤੀ ਗਈ ਹੁੰਦੀ।

ਉਸਦੀ ਮਾਂ ਜੇਨੈਟ ਦੁਆਰਾ ਦਸੀ ਗਈ ਨੇਥਨ ਦੀ ਕਹਾਣੀ ਦੇਖਣ ਲਈ ਇਮਿਊਨਾਈਜ਼ ਬੀ.ਸੀ. ਤੇ ਜਾਓ। https://immunizebc.ca/chickenpox.

ਵੈਕਸੀਨਾਂ ਗੰਭੀਰ ਬਿਮਾਰੀਆਂ, ਅਪੰਗਤਾ ਅਤੇ ਮੌਤ ਤੋਂ ਬੱਚਿਆਂ ਦੀ ਰੀਖਆ ਕਰਦੀਆਂ ਹਨ। ਸੁਨਿਸ਼ਚਿਤ ਕਰੋ ਕਿ ਤੁਹਾਡੇ ਬੱਚਿਆਂ ਨੂੰ ਉਨ੍ਹਾਂ ਦੀਆਂ ਸਾਰੀਆਂ ਵੈਕਸੀਨਾਂ ਸਮੇਂ ਸਿਰ ਪ੍ਰਾਪਤ ਹੁੰਦੀਆਂ ਹਨ।

### ਜਦੋਂ ਤੁਸੀਂ ਆਪਣੇ ਬੱਚੇ ਦਾ ਟੀਕਾਕਰਣ ਕਰਵਾਉਂਦੇ ਹੋ ਤਾਂ ਤੁਸੀਂ ਦੂਸਰਿਆਂ ਦੀ ਰੱਖਿਆ ਕਰਨ ਵਿੱਚ ਵੀ ਸਹਾਇਤਾ ਕਰਦੇ ਹੋ

ਜੇ ਤੁਹਾਡਾ ਬੱਚਾ ਬਿਮਾਰੀ ਤੋਂ ਸੁਰੱਖਿਅਤ ਹੈ, ਤਾਂ ਤੁਹਾਡਾ ਬੱਚਾ ਬਿਮਾਰ ਹੋਕੇ ਦੂਸਰਿਆਂ ਨੂੰ ਵਿਗਾੜਗ੍ਰਸਤ ਨਹੀਂ ਕਰ ਸਕਦਾ। ਤੁਹਾਡੇ ਬੱਚੇ ਦੀਆਂ ਵੈਕਸੀਨਾਂ ਇੰਨ੍ਹਾਂ ਦੀ ਰੱਖਿਆ ਕਰਨ ਵਿੱਚ ਸਹਾਇਤਾ ਕਰਨਗੀਆਂ:

- ਤੁਹਾਡਾ ਪਰਿਵਾਰ, ਦੋਸਤ ਅਤੇ ਗੁਆਂਢੀ;
- ਛੋਟੇ ਬੱਚੇ;
- ਬਜ਼ੁਰਗ ਲੋਕ; ਅਤੇ
- ਕੈਂਸਰ ਵਰਗੀਆਂ ਬਿਮਾਰੀਆਂ ਜਾਂ ਦੂਸਰੀਆਂ ਮੈਡੀਕਲ ਅਵਸਥਾਵਾਂ ਵਾਲੇ ਲੋਕ।

### ਵੈਕਸੀਨਾਂ ਤੁਹਾਡੇ ਬੱਚੇ ਦੇ ਸਰੀਰ ਦੇ ਸਾਰੇ ਹਿੱਸਿਆਂ ਦੀ ਰੱਖਿਆ ਕਰਨ ਵਿੱਚ ਸਹਾਇਤਾ ਕਰਦੀਆਂ ਹਨ

ਵੈਕਸੀਨਾਂ ਉਨ੍ਹਾਂ ਬਿਮਾਰੀਆਂ ਨੂੰ ਰੋਕਣ ਵਿੱਚ ਸਹਾਇਤਾ ਕਰਦੀਆਂ ਹਨ ਜਿੰਨ੍ਹਾਂ ਕਰਕੇ ਜੀਵਨਭਰ ਦਾ ਨੁਕਸਾਨ ਹੋ ਸਕਦਾ ਹੈ। ਉਦਹਾਰਣ ਲਈ, ਮੈਨਿੰਨਜੋਕੋਕਲ ਬਿਮਾਰੀ ਕਰਕੇ ਦਿਮਾਗ ਦਾ ਨੁਕਸਾਨ, ਗੁਰਦੇ ਦਾ ਨੁਕਸਾਨ, ਬਹਿਰਾਪਨ, ਅਤੇ ਲੱਤਾਂ ਜਾਂ ਬਾਂਹਵਾਂ ਦੀ ਹਾਨੀ ਹੋ ਸਕਦੀ ਹੈ। ਬਿਮਾਰੀ ਦਾ ਸ਼ਿਕਾਰ ਹੋਣ ਵਾਲੇ 10 ਲੋਕਾਂ ਵਿੱਚੋਂ ਲਗਭਗ 1 ਦੀ ਮੌਤ ਹੋ ਜਾਏਗੀ। ਵੈਕਸੀਨਾਂ ਅਨੇਕ ਬਿਮਾਰੀਆਂ ਕਰਕੇ ਹੋਣ ਵਾਲੇ ਨੁਕਸਾਨ ਤੋਂ ਤੁਹਾਡੇ ਬੱਚੇ ਦੀ ਰੱਖਿਆ ਕਰਦੀਆਂ ਹਨ।

## ਵੈਕਸੀਨਾਂ ਹੁਣ ਅਤੇ ਭਵਿੱਖ ਵਿੱਚ ਤੁਹਾਡੇ ਬੱਚੇ ਦੀ ਰੱਖਿਆ ਕਰਨ ਵਿੱਚ ਸਹਾਇਤਾ ਕਰਦੀਆਂ ਹਨ

ਤੁਹਾਡੇ ਬੱਚੇ ਦਾ ਸੰਪਰਕ ਹਰ ਰੋਜ਼ ਕੀਟਾਣੂਆਂ ਦੇ ਨਾਲ ਹੁੰਦਾ ਹੈ। ਕੀਟਾਣੂ ਭੀੜਭਾੜ ਵਾਲੀਆਂ ਥਾਵਾਂ ਵਿੱਚ ਅਸਾਨੀ ਨਾਲ ਫੈਲ ਸਕਦੇ ਹਨ। ਕੁਝ ਜਿਹੀਆਂ ਥਾਵਾਂ ਜਿਥੇ ਤੁਹਾਡਾ ਬੱਚਾ ਜਾ ਸਕਦਾ ਹੈ ਲਈ ਹੇਠਾਂ ਦਿੱਤੀ ਸੂਚੀ ਚੈੱਕ ਕਰੋ :

- ❑ ਡੇਕੇਅਰ ਜਾਂ ਪ੍ਰੀਸਕੂਲ
- ❑ ਸਕੂਲ, ਕਾਲਜ ਜਾਂ ਯੂਨੀਵਰਸਿਟੀ
- ❑ ਡਾਕਟਰ ਦੇ ਆਫਿਸ ਵਿੱਚ ਵੇਟਿੰਗ ਰੂਮ
- ❑ ਕਮਿਊਨਿਟੀ ਸੈਂਟਰ, ਕੌਨਸਰਟ ਜਾਂ ਕੋਈ ਪ੍ਰੋਗਰਾਮ
- ❑ ਸਮਰ ਕੈਂਪ
- ❑ ਬਸ ਜਾਂ ਹਵਾਈ ਜਹਾਜ਼
- ❑ ਕੈਨੇਡਾ ਤੋਂ ਬਾਹਰਲੇ ਮੁਲਕ

## ਵੈਕਸੀਨਾਂ ਬਹੁਤ ਸੁਰੱਖਿਅਤ ਹਨ

ਵੈਕਸੀਨ ਲਗਵਾਉਣਾ ਬਿਮਾਰੀ ਦਾ ਸ਼ਿਕਾਰ ਹੋਣ ਨਾਲੋਂ ਜਿਆਦਾ ਸੁਰੱਖਿਅਤ ਹੈ।ਇਹ ਉਹ ਚੀਜ਼ਾਂ ਹਨ ਜਿੰਨਾਂ ਬਾਰੇ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ:

- ਵੈਕਸੀਨਾਂ ਕਰਕੇ ਹੋਣ ਵਾਲੇ ਗੰਭੀਰ ਬੁਰੇ ਪ੍ਰਭਾਵ ਬਹੁਤ ਵਿਰਲੇ ਹਨ।
- ਸਭ ਤੋਂ ਆਮ ਬੁਰੇ ਪ੍ਰਭਾਵ ਹਨ ਉਸ ਥਾਂ ਤੇ ਜਲਨ ਜਿਥੇ ਬਾਂਹ ਜਾਂ ਲੱਤ ਤੇ ਵੈਕਸੀਨ ਦਿੱਤੀ ਗਈ ਹੈ, ਅਤੇ ਹਲਕਾ ਬੁਖਾਰ ਜਿਹੜਾ ਕੁਝ ਦਿਨਾਂ ਤੱਕ ਰਹਿ ਸਕਦਾ ਹੈ।ਵੈਕਸੀਨ ਪ੍ਰਾਪਤ ਕਰਨ ਵਾਲੇ ਬੱਚਿਆਂ ਵਿੱਚੋਂ ਅੱਧਿਆਂ ਤੱਕ ਇੰਨ੍ਹਾਂ ਬੁਰੇ ਪ੍ਰਭਾਵਾਂ ਦਾ ਅਨੁਭਵ ਕਰ ਸਕਦੇ ਹਨ।
- ਬੁਖਾਰ ਵਾਲੇ ਬੱਚਿਆਂ ਨੂੰ ਦੌਰਾ ਪੈ ਸਕਦਾ ਹੈ, ਪਰ ਇਹ ਵਿਰਲੇ ਹੀ ਹੁੰਦਾ ਹੈ ਅਤੇ ਇੰਨ੍ਹਾਂ ਦੌਰਿਆਂ ਕਰਕੇ ਕੋਈ ਨੁਕਸਾਨ ਨਹੀਂ ਹੁੰਦਾ। ਫੈਬਰਿਲ ਸੀਜ਼ਰਜ਼, ਜਿੰਨਾਂ ਨੂੰ ਫੀਵਰ ਸੀਜ਼ਰਜ਼ ਵੀ ਕਿਹਾ ਜਾਂਦਾ ਹੈ, ਬਾਰੇ ਹੋਰ ਜਾਣਕਾਰੀ ਲਈ, HealthLinkBC File #112 ਫੈਬਰਿਲ ਸੀਜ਼ਰਜ਼ (ਫੀਵਰ ਸੀਜ਼ਰਜ਼) ਦੇਖੋ।
- ਵੈਕਸੀਨ ਪ੍ਰਾਪਤ ਕਰਨ ਤੋਂ ਬਾਅਦ, ਜਾਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕਿਰਿਆ ਦੀ ਬਹੁਤ ਹੀ ਵਿਰਲੀ, ਇੱਕ ਮਿਲੀਅਨ ਵਿੱਚ ਇੱਕ ਤੋਂ ਘੱਟ, ਦੀ ਸੰਭਾਵਨਾ ਹੈ। ਜੇ ਅਜਿਹਾ ਹੁੰਦਾ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸ ਪ੍ਰਤੀਕਿਰਿਆ ਦਾ ਇਲਾਜ ਕਰਨ ਵਾਸਤੇ ਤਿਆਰ ਹੈ।

## ਜੇ ਮੇਰੇ ਬੱਚੇ ਦਾ ਟੀਕਾਕਰਣ ਨਾ ਹੋਏ ਤਾਂ ਕੀ ਹੁੰਦਾ ਹੈ ?

ਵੈਕਸੀਨਾਂ ਬਹੁਤ ਚੰਗੀ ਤਰ੍ਹਾਂ ਕੰਮ ਕਰਦੀਆਂ ਹਨ ਜਦੋਂ ਜਿਆਦਾਤਰ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਉਨ੍ਹਾਂ ਨੂੰ ਦੁਆਉਣ ਦੀ ਚੋਣ ਕਰਦੇ ਹਨ। ਪਰ, ਕਦੇ ਕਦੇ ਮਾਤਾ-ਪਿਤਾ ਦੇ ਵੱਡੇ ਸਮੂਹਾਂ ਨੇ ਆਪਣੇ ਬੱਚਿਆਂ ਦਾ ਟੀਕਾਕਰਣ ਨਾ ਕਰਵਾਉਣ ਦੀ ਚੋਣ ਕੀਤੀ ਹੈ। ਜਦੋਂ ਅਜਿਹਾ ਹੁੰਦਾ ਹੈ, ਤਾਂ ਬਿਮਾਰੀਆਂ ਜਲਦੀ ਵਾਪਸ ਆਉਂਦੀਆਂ ਹਨ ਅਤੇ ਬਹੁਤ ਸਾਰੇ ਬੱਚੇ ਬਿਮਾਰ ਹੋ ਜਾਂਦੇ ਹਨ ਅਤੇ ਕਈ ਮਰ ਜਾਂਦੇ ਹਨ।ਕੈਨੇਡਾ, ਇੰਗਲੈਂਡ, ਸਵੀਡਨ, ਜਪਾਨ ਅਤੇ ਦੂਸਰੇ ਦੇਸ਼ਾਂ ਵਿੱਚ ਅਜਿਹਾ ਹੋਇਆ ਹੈ।ਆਪਣੇ ਬੱਚੇ ਨੂੰ ਸਾਰੀਆਂ ਵੈਕਸੀਨਾਂ ਲਗਵਾਓ ਅਤੇ ਉਨ੍ਹਾਂ ਨੂੰ ਸਮੇਂ ਸਿਰ ਲਗਵਾਓ।

## ਵਧੇਰੇ ਜਾਣਕਾਰੀ ਲਈ

ਇਮਊਨਾਈਜ਼ੇਸ਼ਨ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਇਮਊਨਾਈਜ਼ ਬੀ.ਸੀ. ਦੀ ਇਹ ਵੈੱਬਸਾਈਟ https://immunizebc.ca/. ਦੇਖੋ।

ਬਚਪਨ ਦੇ ਟੀਕਾਕਰਣ ਬਾਰੇ ਹੋਰ ਜਾਣਕਾਰੀ ਲਈ, ਦੇਖੋ:

- HealthLinkBC File #50a ਤੁਹਾਡੇ ਬੱਚੇ ਦੀ ਇਮਿਊਨ ਪ੍ਰਣਾਲੀ ਅਤੇ ਵੈਕਸੀਨਜ਼
- HealthLinkBC File #50c ਬਚਪਨ ਦੇ ਵੈਕਸੀਨਜ਼ ਸੁਰੱਖਿਅਤ ਹਨ
- HealthLinkBC File #50d ਬਚਪਨ ਦੇ ਵੈਕਸੀਨਜ਼: ਵੈਕਸੀਨਜ਼ ਵਿਚ ਕੀ ਹੈ ਅਤੇ ਕਿਉਂ
- HealthLinkBC File #50e ਤੁਹਾਡੇ ਬੱਚੇ ਲਈ ਇਮਿਊਨਾਈਜ਼ੇਸ਼ਨ ਦਾ ਇੱਕ ਅੱਛਾ ਅਨੁਭਵ

BRITISH COLUMBIA ImmunizeBC

BC Centre for Disease Control
An agency of the Provincial Health Services Authority